# Visit of External Affairs Minister to Qatar (December 27-28, 2020)

December 26, 2020

---

## ਵਿਦੇਸ਼ ਮੰਤਰੀ ਦੀ ਕਤਰ ਦੀ ਫੇਰੀ (27-28 ਦਸੰਬਰ, 2020)

26 ਦਸੰਬਰ, 2020

1. ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ 27-28 ਦਸੰਬਰ 2020 ਨੂੰ ਕਤਰ ਦੀ ਅਧਿਕਾਰਤ ਫੇਰੀ ਕਰਨਗੇ। ਇਸ ਫੇਰੀ ਦੌਰਾਨ ਉਹ ਕਤਰ ਦੇ ਉਪ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਮਹਾਮਹਿਮ ਸ਼ੇਖ ਮੁਹੰਮਦ ਬਿਨ ਅਬਦੁੱਰਹਮਾਨ ਬਿਨ ਜਸੀਮ ਅਲ-ਥਾਨੀ ਨਾਲ ਮੁਲਾਕਾਤ ਕਰਨਗੇ। ਉਹ ਕਤਰ ਰਾਜ ਦੀਆਂ ਹੋਰਨਾਂ ਮਹੱਤਵਪੂਰਣ ਸ਼ਖਸੀਅਤਾਂ ਨੂੰ ਵੀ ਮਿਲਣਗੇ।

2. ਡਾ. ਐਸ. ਜੈਸ਼ੰਕਰ ਦੀ ਕਤਰ ਦੀ ਫੇਰੀ ਵਿਦੇਸ਼ ਮੰਤਰੀ ਵਜੋਂ ਉਨ੍ਹਾਂ ਵੱਲੋਂ ਇਸ ਦੇਸ਼ ਦੀ ਪਹਿਲੀ ਯਾਤਰਾ ਹੋਵੇਗੀ। ਇਸ ਫੇਰੀ ਦੌਰਾਨ ਉਹ ਆਪਣੇ ਹਮਰੁਤਬਾ ਨਾਲ ਆਪਸੀ ਹਿਤ ਦੇ ਦੁਵੱਲੇ, ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ 'ਤੇ ਗੱਲਬਾਤ ਕਰਨਗੇ। ਉਹ COVID -19 ਮਹਾਂਮਾਰੀ ਦੇ ਦੌਰਾਨ ਭਾਰਤੀਆਂ ਦੀ ਖੈਰੀਅਤ ਯਕੀਨ ਬਣਾਉਣ ਲਈ ਕਤਰ ਰਾਜ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਨਗੇ।

3. ਭਾਰਤ ਅਤੇ ਕਤਰ ਨੇ COVID -19 ਮਹਾਂਮਾਰੀ ਦੌਰਾਨ ਉੱਚ ਪੱਧਰੀ ਸੰਪਰਕ ਕਾਇਮ ਰੱਖਿਆ ਹੈ। ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਕਤਰ ਰਾਜ ਦੇ ਅਮੀਰ ਮਹਾਮਹਿਮ ਸ਼ੇਖ ਤਮੀਮ ਬਿਨ ਹਾਮਦ ਅਲ - ਥਾਨੀ ਨੇ ਪਿੱਛਲੇ ਕੁਝ ਮਹੀਨਿਆਂ ਅੰਦਰ ਫੋਨ ਰਾਹੀਂ ਤਿੰਨ ਵਾਰ ਗੱਲਬਾਤ ਕੀਤੀ ਹੈ। ਵਿਦੇਸ਼ ਮੰਤਰੀ ਅਤੇ ਹੋਰਨਾਂ ਕੈਬਨਿਟ ਮੰਤਰੀਆਂ ਨੇ ਵੀ ਆਪਣੇ ਕਤਰੀ ਹਮਰੁਤਬਾਵਾਂ ਨਾਲ ਗੱਲਬਾਤ ਕੀਤੀ ਹੈ।

4. ਭਾਰਤ ਅਤੇ ਕਤਰ ਦਰਮਿਆਨ ਮਜ਼ਬੂਤ ਆਰਥਿਕ, ਸਭਿਆਚਾਰਕ ਅਤੇ ਲੋਕਾਂ ਦੇ ਪੱਧਰ 'ਤੇ ਸਬੰਧ ਹਨ। ਕਤਰ ਅੰਦਰ 7 ਲੱਖ ਤੋਂ ਵੱਧ ਭਾਰਤੀ ਰਹਿੰਦੇ ਹਨ। 2019- 20 ਵਿੱਚ ਦੁਵੱਲਾ ਵਪਾਰ 10.95 ਅਰਬ ਅਮਰੀਕੀ ਡਾਲਰ ਸੀ। ਦੋਵੇਂ ਧਿਰ ਊਰਜਾ ਅਤੇ ਨਿਵੇਸ਼ ਸਣੇ ਵੱਖ ਵੱਖ ਖੇਤਰਾਂ ਵਿਚ ਦੁਵੱਲੇ ਸਹਿਯੋਗ ਨੂੰ ਵਧਾਉਣ ਪ੍ਰਤੀ ਵਚਨਬੱਧ ਹਨ। ਭਾਰਤ ਅਤੇ ਕਤਰ ਨੇ COVID -19 ਮਹਾਂਮਾਰੀ ਦਾ ਸਾਹਮਣਾ ਕਰਨ ਵਿੱਚ ਮਿਲਜੁਲ ਕੇ ਕੰਮ ਕੀਤਾ ਹੈ ਅਤੇ ਏਅਰ ਬੱਬਲ ਪ੍ਰਬੰਧ ਅਧੀਨ ਉਡਾਣਾਂ ਦੇ ਲਗਾਤਾਰ ਚੱਲਣ ਦੇ ਮਾਮਲੇ 'ਚ ਤਾਲਮੇਲ ਕੀਤਾ ਹੈ।

ਨਵੀਂ ਦਿੱਲੀ
26 ਦਸੰਬਰ, 2020

DISCLAIMER: This is an approximate translation. The original is available in English on MEA's website and may be referred to as the official press release.